ਵੱਲੋ,

ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ।

ਸੇਵਾ ਵਿਖੇ,

ਪ੍ਰਿੰਸੀਪਲ,
ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾ,
ਅੰਮ੍ਰਿਤਸਰ (ਇ:), ਬਰਨਾਲਾ, ਬੱਸੀ ਪਠਾਣਾ, ਬਠਿੰਡਾ, ਬੁਢਲਾਡਾ, ਫਰੀਦਕੋਟ, ਫਿਰੋਜਪੁਰ, ਗੁਰਦਾਸਪੁਰ, ਹੁਸਿਆਰਪੁਰ, ਜਲੰਧਰ (ਇ:), ਖਿਉਵਾਲੀ (ਇ:), ਲੁਧਿਆਣਾ, ਮੋਗਾ, ਮੁਹਾਲੀ (ਇ:), ਨਵਾ ਸਹਿਰ, ਪਟਿਆਲਾ, ਪੱਟੀ, ਫਗਵਾੜਾ, ਰੋਪੜ, ਸੁਨਾਮ, ਸਮਰਾਲਾ, ਨੰਗਲ, ਆਨੰਦਪੁਰ ਸਾਹਿਬ (ਇ:), ਮੋਰਿੰਡਾ (ਇ:), ਤਲਵਾੜਾ, ਹੁਸਿਆਰਪੁਰ (ਇ:), ਲਾਲੜੂ, ਖਰੜ (ਇ:), ਨਾਭਾ, ਰਾਜਪੁਰਾ, ਪਟਿਆਲਾ (ਇ:), ਰਾਜਪੁਰਾ (ਇ:), ਪਠਾਨਕੋਟ, ਪਠਾਨਕੋਟ (ਇ:), ਗੁਰਦਾਸਪੁਰ (ਇ:), ਡੇਰਾ ਬਾਬਾ ਨਾਨਕ (ਇ:), ਫਗਵਾੜਾ (ਇ:), ਸੂੰਢ, ਬਾਬਾ ਬਕਾਲਾ, ਅਜਨਾਲਾ, ਆਈ.ਟੀ.ਸੀ. ਫਰੀਦਕੋਟ (ਅ:ਜ),, ਜੈਤੋ, ਕੋਟਕਪੁਰਾ, ਕਪੂਰਥਲਾ, ਧਰਮਕੋਟ (ਇ:), ਚੂਹੜਚੱਕ (ਇ:), ਫਤਿਹਗੜ੍ਹ ਚੂੜੀਆ (ਅ:ਜ), ਨਾਭਾ (ਇ:), ਰਾਣੀਕੇ, ਗੜਸੰਕਰ (ਅ:ਜ), ਸਰਹੰਦ (ਇ:), ਲੁਧਿਆਣਾ (ਇ:),

ਮੀਮੋ ਨੰ: ਆਈਟੀ/ਐਸ.ਡੀ.ਆਈ./ ਹਦਾਇਤਾ /1-52 ਮਿਤੀ: 20-2-09

ਵਿਸਾ:- ਐਸ.ਡੀ.ਆਈ. ਸਕੀਮ ਨੂੰ ਲਾਗੂ ਕਰਨ ਬਾਰੇ ਹਦਾਇਤਾ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਦੱਸਿਆ ਜਾਦਾ ਹੈ ਕਿ ਭਾਰਤ ਸਰਕਾਰ ਦੀ ਸਹਾਇਤਾ ਨਾਲ ਚਲਾਈ ਜਾ ਰਹੀ ਸਕੀਮ ਅਧੀਨ ਆਪ ਜੀ ਦੀ ਸੰਸਥਾ ਵੀ.ਟੀ.ਪੀ. ਦੇ ਤੌਰ ਤੇ ਰਜਿਸਟਰਡ ਕੀਤੀ ਗਈ ਹੈ। ਇਸ ਸਕੀਮ ਨੂੰ ਲਾਗੂ ਕਰਨ ਹਿੱਤ ਗਾਈਡਲਾਈਨਜ ਵਿਭਾਗ ਦੀ ਵੈਬਸਾਇਟ www.dtepunjab.gov.in ਅਤੇ ਸਕਿੱਲ ਡਿਵੈਲਪਮੈਂਟ ਇੰਨੀਸੀਏਟੀਵ ਸਕੀਮ ਸਬੰਧੀ ਡੀ.ਜੀ.ਈ ਐਂਡ ਟੀ. ਦੀ ਵੈਬ ਸਾਇਟ www.dget.gov.in/mes ਤੇ ਉਪਲਬੱਧ ਹਨ। ਵਿਭਾਗ ਵਿਚ ਵੱਖ੍-ਵੱਖ ਸਰਕਾਰੀ ਸੰਸਥਾਵਾਂ ਵਿਚ ਇਸ ਸਕੀਮ ਨੂੰ ਲਾਗੂ ਕਰ ਅਤੇ ਸਿਖਿਆਰਥੀਆਂ ਨੂੰ ਟਰੇਨਿੰਗ ਦੇਣ ਲਈ ਹੇਠ ਅਨੁਸਾਰ ਜਰਨਲਾਇਜ ਹਦਾਇਤ ਕੀਤੀ ਜਾਦੀ ਹੈ :-

1. ਬੈਂਕ ਅਕਾਊਟ: ਵੀ.ਟੀ.ਪੀ. ਦੇ ਤੌਰ ਤੇ ਰਜਿਸਟਰ ਹੋਣ ਵਾਲੀ ਹਰੇਕ ਸੰਸਥਾ ਵੱਲੋ ਐਸ.ਡੀ.ਆਈ. ਸਕੀਮ ਵਾਸਤੇ ਰਾਸ਼ਟਰੀਕ੍ਰਿਤ ਬੈਕ ਵਿਚ ਖਾਤਾ ਖੁਲਵਾਇਆ ਜਾਵੈਗਾ ਅਤੇ ਇਹ ਖਾਤਾ ਇਲੈਕਟਰੋਨੀਕਲੀ ਉਪਰੇਟਡ ਹੋਵਗਾ। ਇਸ ਖਾਤੇ ਵਿਚ ਕੋਈ ਵੀ ਫੰਡ ਰਾਜ ਸਰਕਾਰ ਨੂੰ ਟਰਾਂਸਫਰ ਨਹੀ ਕੀਤਾ ਜਾਣਾ ਇਹ ਖਾਤਾ ਸੰਸਥਾ ਮੁੱਖੀ ਦੇ ਪੱਧਰ ਤੇ ਉਪਰੇਟ ਕੀਤਾ ਜਾਵੇ।

2. ਟਰੇਨਿੰਗ ਦਾ ਸਮਾ:ਸਕੀਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਹਿੱਤ ਵੀ.ਟੀ.ਪੀ. ਦਾ ਮੁੱਖੀ ਆਪਣੇ ਪੱਧਰ ਤੇ ਸਕੀਮ ਦੀਆ ਗਾਈਡਲਾਈਨਜ ਮੁਤਾਬਿਕ ਹਰ ਹਫਤੇ ਵਿਚ ਟਰੇਨਿੰਗ ਦੇਣ ਲਈ ਟਰੇਨਿੰਗ ਦਾ ਸਮਾਂ ਨਿਰਧਾਰਤ ਕਰੇਗਾ ਇਸ ਸਕੀਮ ਵਾਸਤੇ ਉਦਯੋਗਿਕ ਸਿਖਲਾਈ ਸੰਸਥਾਵਾ ਵਿਚ ਪਹਿਲਾਂ ਤੋਂ ਉਪਲੱਬਧ ਸਾਜੋ ਸਮਾਨ ਦੀ ਹੀ ਵਰਤੋ ਕੀਤੀ ਜਾਵੇਗੀ। ਇਸ ਲਈ ਐਸ.ਡੀ.ਆਈ. ਸਕੀਮ ਦੇ ਸਿਖਿਆਰਥੀਆ ਨੂੰ ਵਰਕਿੰਗ ਸਮੇ ਤੋ ਬਾਅਦ ਟਰੇਨਿੰਗ ਦਿਤੀ ਜਾਵੇਗੀ ਅਤੇ ਟਰੇਨਿੰਗ ਦੇਣ ਲਈ ਉਦਾਰਣ ਦੇ ਤੌਰ ਤੇ ਕੰਮ ਵਾਲੇ ਦਿਨਾ ਵਿਚ ਚਾਰ ਵਜੇ ਬਾਦ ਦੁਪਹਿਰ ਤੋ 6 ਵਜੇ ਸਾਮ ਤੱਕ ਅਤੇ ਸਨੀਵਾਰ ਅਤੇ ਐਤਵਾਰ7 ਵਜੇ ਸਵੇਰੇ ਤੋ 1 ਵਜੇ ਬਦ ਅਤੇ 1.00 ਵਜੇ ਬ:ਦ ਦੂਜੀ ਸਿਫਟ ਦਾ ਸਮਾ ਰੱਖਿਆ ਜਾ ਸਕਦਾ ਹੈ।

3. ਟ੍ਰੇਨਿੰਗ ਚਾਰਜਿਜ਼:-

ਹਰੇਕ ਸੰਸਥਾ ਸਿਖਿਆਰਥੀਆ ਤੋ ਹੇਠ ਅਨੁਸਾਰ ਚਾਰਜਿਜ਼ ਲਵੇਗੀ:-

| | |
|---|---|
| 90 ਘੰਟੇ ਦੇ ਕੋਰਸ ਲਈ | 500/- ਰੁ: |
| 91-180 ਘੰਟੇ ਦੇ ਕੋਰਸ ਲਈ | 1000/-ਰੁ: |
| 181-220 ਘੰਟੇ ਦੇ ਕੋਰਸ ਲਈ | 1500/-ਰੁ: |
| 271 ਘੰਟੇ ਤੋ ਉਪਰ ਕੇ ਕੋਰਸ ਲਈ | 2000/-ਰੁ: |

ਸੰਸਥਾ ਸਿਖਿਆਰਥੀਆ ਤੋ ਪ੍ਰਾਪਤ ਚਾਰਜਜ ਅਤੇ ਸਰਕਾਰ ਤੋ ਪ੍ਰਾਪਤ ਫੰਡਜ ਦੀ ਵਰਤੋਂ ਸਕੀਮ ਅਧੀਨ ਟਰੇਨਿੰਗ ਕਰ ਰਹੇ ਸਿਖਿਆਰਥੀਆ ਤੇ ਕਰੇਗੀ। ਸਫਲਤਾ ਪੂਰਵਕ ਪਾਸ ਹੋਣ ਵਾਲੇ ਸਿਖਿਆਰਥੀਆ ਦੇ ਟਰੇਨਿੰਗ ਚਾਰਜਿਜ਼ ਡੀ.ਜੀ.ਈ.ਐਂਡ ਟੀ ਭਾਰਤ ਸਰਕਾਰ ਵੱਲੋ ਪ੍ਰਾਪਤ ਟਰੇਨਿੰਗ ਖਰਚੇ (15/- ਰੁ: ਪ੍ਰਤੀ ਘੰਟਾ ਪ੍ਰਤੀ ਸਿਖਿਆਰਥੀ) ਵਿਚੋ ਰੀਇਮਬਰਸ ਕਰਨ ਦਾ ਉਪਬੰਧ ਹੈ। ਐਸ.ਸੀ/ਐਸ.ਟੀ. ਜਾਤੀ ਅਤੇ ਇਸਤਰੀ ਉਮੀਦਵਾਰਾ ਨੂੰ ਟਰੇਨਿੰਗ ਚਾਰਜਿਜ਼ ਵਿਚ 25% ਛੂਟ ਦਿਤੀ ਜਾਵੇ। ਸਾਰੇ ਪ੍ਰਿੰਸੀਪਲ ਇਹ ਯਕੀਨੀ ਬਣਾਉਣਗੇ ਕਿ ਪਾਸ ਹੋਏ ਸਿਖਿਆਰਥੀਆ ਨੂੰ ਇਹ ਟ੍ਰੇਨਿੰਗ ਚਾਰਜਿਜ਼ ਵਾਪਿਸ ਕਰ ਦਿੱਤੇ ਜਾਣ ਅਤੇ ਵਿੱਤੀ ਸਾਲ ਦੌਰਾਨ ਜਿਨੇ ਸਿਖਿਆਰਥੀਆ ਨੂੰ ਟਰੇਨਿੰਗ ਦੇਣ ਦਾ ਟੀਚਾ ਹੈ

ਉਹਨਾਂ ਬਾਰੇ ਐਨੂਅਲ ਟਰੇਨਿੰਗ ਪ੍ਰੋਗਰਾਮ (ਏ.ਟੀ.ਪੀ.) ਵਿੱਤੀ ਸਾਲ ਸੁਰੂ ਹੋਣ ਤੋ ਘੱਟੋ ਘੱਟ 4 ਮਹੀਨੇ ਪਹਿਲਾ ਮੁੱਖ ਦਫਤਰ ਨੂੰ ਭੇਜੇ ਜਾਣ ਤਾਂ ਜੋ ਸਾਰੇ ਅੰਕੜੇ ਇਕੱਠੇ ਕਰਕੇ ਆਰ.ਡੀ.ਏ.ਟੀ. ਫਰੀਦਾਬਾਦ ਨੂੰ ਅਗਲੀ ਕਾਰਵਾਈ ਹਿੱਤ ਭੇਜੇ ਜਾ ਸਕਣ।

4. ਫਕੈਲਟੀ: ਇਸ ਸਬੰਧੀ ਸੰਸਥਾ ਦਾ ਮੁੱਖੀ ਆਪਣੇ ਪੱਧਰ ਤੇ ਕੋਰਸ ਦੀ ਲੋੜ ਅਨੁਸਾਰ ਡੀ.ਜੀ.ਈ ਐਂਡ ਟੀ ਵੱਲੋ ਨਿਰਧਾਰਤ ਯੋਗਤਾਵਾ ਵਾਲੇ ਇੰਸਟਰਕਟਰ/ਫਕੈਲਿਟੀ ਨੂੰ ਪਾਰਟ ਟਾਇਮ ਇੰਸਟਕਟਰ ਜਾਂ ਗੈਸਟ ਫੈਕਲਿਟੀ ਦੇ ਆਧਾਰ ਤੇ ਜਾਂ ਮੌਜੂਦਾ ਸਟਾਫ ਵਿਚੋ ਉਸ ਦੀ ਸਹਿਮਤੀ ਪ੍ਰਾਪਤ ਕਰਕੇ ਵਾਧੂ ਸਮੇ ਲਈ ਰੱਖੇਗਾ। ਪਾਰਟ ਟਾਇਮ ਇੰਸਟਕਟਰਾ ਦੀ ਭਰਤੀ ਘੱਟੋ ਘੱਟ ਪੂਰੇ ਟਰੇਨਿੰਗ ਦੇ ਸਮੇ ਲਈ ਪਾਰਟ ਟਾਇਮ ਤੌਰ ਤੇ ਸੰਸਥਾ ਦੇ ਮੁੱਖੀ ਵੱਲੋ ਆਪਣੀ ਪੱਧਰ ਤੇ ਹੇਠ ਲਿਖੇ ਅਨੁਸਾਰ ਕਮੇਟੀ ਦਾ ਗਠਨ ਕਰ ਕੇ ਕੀਤੀ ਜਾਵੇ।

1. ਸੰਸਥਾ ਦਾ ਮੁੱਖੀ
2. ਆਈ.ਐਮ.ਸੀ. ਦਾ ਚੇਅਰਮੈਨ
3. ਸਬੰਧਤ ਟਰੇਡ ਦਾ ਇੰਸਟਕਰਟਰ/ਐਕਸਪਰਟ
4. ਇੰਨਚਾਰਜ ਕੁਆਰਡੀਨੇਟਰ (ਐਸ.ਡੀ.ਆਈ. ਸਕੀਮ)
5. ਦਫਤਰੀ ਸੁਪਰਡੰਟ/ਸੀਨੀਅਰ ਸਹਾਇਕ

ਪਾਰਟ ਟਾਇਮ/ਗੈਸਟ ਫਕੈਲਟੀ ਇੰਸਟਕਟਰਾ ਨੂੰ 100/- ਰੁ: ਪ੍ਰਤੀ ਘੰਟੇ ਦੇ ਹਿਸਾਬ ਨਾਲ ਰੱਖਿਆ ਜਾਵੇ ਅਤੇ ਪ੍ਰਤੀ ਇੰਸਟਕਟਰ ਵੱਧ ਤੋ ਵੱਧ ਅਦਾਇਗੀ 7500/- ਰੁ: ਪ੍ਰਤੀ ਇੰਸਟਕਟਰ ਪ੍ਰਤੀ ਮਹੀਨਾ ਦਿਤੀ ਜਾਵੇ।ਕਿਸੇ ਵਿਸੇ ਤੇ ਖਾਸ ਵਿਸਾ ਮਾਹਰ, ਮਸੂਹਰ ਉਦਯੋਗਪਤੀ ਯਾ ਸਕਿਲ ਡਿਵੈਲਪਮੈਟ ਦੇ ਖੇਤਰ ਵਿਚ ਮਸੂਹਰ ਸਖਸੀਅਤ ਨੂੰ ਗੈਸਟ ਫਕੈਲਟੀ ਦੇ ਤੌਰ ਤੇ ਕਿਸੇ ਵੀ ਕੋਰਸ ਯਾ ਵਿਸੇ ਤੇ ਬੁਲਾਇਆ ਜਾ ਸਕਦਾ ਹੇ। ਅਤੇ ਇਸ ਗੈਸਟਫਕੈਲਟੀ ਨੂੰ ਅਦਾਇਗੀ ਵਿਭਾਗ ਦੇ ਪੱਤਰ ਨੰ: ਆਈਟੀ/ਪੀਸੀ/2/ਐਨ.ਸੀ.ਵੀ.ਟੀ./36 ਮੀਟਿੰਗ/30058-78 ਮਿਤੀ 10-12-08 ਦੀਆ ਹਦਾਇਤਾ ਅਨੁਸਾਰ ਕੀਤਾ ਜਾਵੇ। ਮੌਜੂਦਾ ਕਰਾਫਟਸਮੈਨ ਇੰਸਟਕਟਰਾ ਵਿਚੋ ਟਰੇਨਿੰਗ ਤੋ ਵਾਧੂ ਸਮੇ ਵਿਚ ਜੇਕਰ ਕਿਸੇ ਇੰਸਟਰਕਟਰ ਨੂੰ ਲਗਾਇਆ ਜਾਦਾ ਹੈ ਤਾਂ ਉਸ ਨੂੰ 50/- ਰੁ: ਪ੍ਰਤੀ ਘੰਟੇ ਦੇ ਹਿਸਾਬ ਨਾਲ ਵੱਧ ਤੋ ਵੱਧ 4500/- ਰੁ: ਪ੍ਰਤੀ ਮਹੀਨੇ ਦਾ ਮਾਨ ਭੇਟਾ ਦਿਤਾ ਜਾਵੇ।

5. ਪਲੇਸਮੈਟ: ਸੰਸਥਾ ਆਪਣੇ ਪੱਧਰ ਤੇ ਟਰੇਂਡ ਕੀਤੇ ਸਿਖਿਆਰਥੀਆ ਦਾ ਫਾਲੋਅਪ ਰੱਖੇਗੀ ਅਤੇ ਰੋਜਗਾਰ ਦਿਵਾਉਣ ਲਈ ਸਹਾਇਤਾ ਕਰੇਗੀ। ਉਹ ਸਿਖਿਆਰਥੀ ਦਾ 3 ਸਾਲ ਤੱਕ ਦਾ ਸਾਰਾ ਰਿਕਾਰਡ ਰੱਖੇਗੀ ਅਤੇ ਸਬੰਧਤ ਮੁੱਖੀ / ਠਸੰਸਥਾ ਦਾ ਸਟਾਫ ਪਾਸ ਸਿਖਿਆਰਥੀ ਨੂੰ ਰੋਜਗਾਰ ਦਿਲਵਾਉਣਾ / ਮੁਹਇਆ ਕਰਵਾਉਣਾ ਯਕੀਨੀ ਬਨਾਉਣਗੇ ।

6. ਦਾਖਲਾ ਸਟਰੈਥ ਪ੍ਰਤੀ ਯੂਨਿਟ: ਸਿਖਿਆਰਥੀਆ ਦਾ ਦਾਖਲਾ ਇਸ ਸਕੀਮ ਦੇ ਨਾਰਮਜ ਅਨੁਸਾਰ ਕੀਤਾ ਜਾਵੇ। ਇਕ ਬੈਚ ਵਿਚ ਵੱਧ ਤੋ ਵੱਧ 30 ਸਿਖਿਆਰਥੀ ਹੋਣਗੇ।ਸੰਸਥਾਵਾ ਵੱਲੋ ਉਪਲੰਬਧ ਇੰਨਫਰਾਸਟਰਕਟਰ/ਕੰਪੈਸਟੀ ਦੇ ਆਧਾਰ ਤੇ ਉਮੀਦਵਾਰਾ ਨੂੰ ਵੱਖ ਵੱਖ ਬੈਂਚਾ ਵਿਚ ਟਰੇਨਿੰਗ ਦਿਤੀ ਜਾਵੇਗੀ ਜੇਕਰ ਜਿਆਦਾ ਉਮੀਦਵਾਰ ਅਪਲਾਈ ਕਰਦੇ ਹਨ ਤਾ ਉਹਨਾਂ ਨੂੰ ਅਗਲੇ ਬੈਂਚ ਵਿਚ ਅਡਜੈਸਟ ਕਰ ਦਿਤਾ ਜਾਵੇ ਇਹ ਦਾਖਲਾ ਆਈ.ਐਮ.ਸੀ. ਦੇ ਚੇਅਰਮੈਨ ਦੀ ਪ੍ਰਧਾਨਗੀ ਹੇਠ ਸੰਸਥਾਂ ਦੇ ਮੁਖੀ ਦੇ ਵਲੋ ਬਨਾਈ ਸੰਸਥਾਂ ਪੱਧਰ ਦੀ ਦਾਖਲਾ ਕਮੇਟੀ ਰਾਹੀ ਹੋਵੇਗਾ।ਇਥੇ ਇਹ ਵੀ ਹਦਾਇਤ ਕੀਤੀ ਜਾਦੀ ਹੈ ਕਿ ਦਾਖਲਾ ਫਾਰਮ ਡਾਇਰੀ ਰਜਿਸਟਰ ਵਿਚ ਕੈਟਾਗਰੀ ਵਾਈਜ ਵੱਖ ਵੱਖ ਦਰਜ ਕੀਤੇ ਜਾਣ ਅਤੇ ਸੰਸਥਾਵਾ ਵਿਚ ਰੈਗੂਲਰ ਦਾਖਲੇ ਸਮੇ ਲਾਗੂ ਰਿਜਰਵੇਸਨ ਪਾਲਸੀ ਅਨੁਸਾਰ ਦਾਖਲਾ ਕੀਤਾ ਜਾਵੇ।

7. ਅਸੈਸਿੰਗ ਬਾਡਿਜ਼ ਨਾਲ ਤਾਲਮੇਲ: ਇਹ ਸਕੀਮ ਅਧੀਨ ਟਰੇਨਿੰਗ ਲੈਣ ਵਾਲੇ ਸਿਖਿਆਰਥੀਆ ਦੀ ਟੈਸਟਿੰਗ/ ਅਸੈਸਮੈਟ ਭਾਰਤ ਸਰਕਾਰ ਵੱਲੋ ਸਮੇ ਸਮੇ ਤੇ ਘੋਸਿਤ ਕੀਤੀਆ ਗਈਆ, ਅਸੈਸਿੰਗ ਬਾਡੀਜ ਰਾਹੀ ਕੀਤੀ ਜਾਵੇਗੀ। ਸੰਸਥਾਵਾ ਵੱਲੋ ਅਸੈਸਿੰਗ ਬਾਡੀਜ ਨਾਲ ਆਪਣੇ ਪੱਧਰ ਤੇ ਤਾਲਮੇਲ ਕਰਕੇ ਸਿਖਿਆਰਥੀਆ ਦੀ ਅਸੈਸਮੈਟ ਲਈ ਬੁਲਾਇਆ ਜਾਵੇਗਾ। ਵੀ.ਟੀ.ਪੀ ਦੇ ਤੌਰ ਤੇ ਰਜਿਸਟਰ ਕੀਤੀਆ ਗਈਆ ਉਦਯੋਗਿਕ ਸਿਖਲਾਈ ਸੰਸਥਾਵਾ ਟੈਸਟਿੰਗ ਸੈਂਟਰ ਦੇ ਤੌਰ ਤੇ ਕੰਮ ਕਰਨਗੀਆ। ਅਸੈਸਮੈਟ ਹਿੱਤ ਅਸੈਸਿੰਗ ਬਾਡੀ ਨੂੰ ਘੱਟੋ ਘੱਟ 15 ਦਿਨ ਪਹਿਲਾ ਸੂਚਿਤ ਕੀਤਾ ਜਾਵੇਗਾ।

8. ਸਰਟੀਫਿਕੇਸ਼ਨ:ਇਸ ਸਕੀਮ ਦੀ ਮਹੱਤਵਪੂਰਨ ਉਪਲੰਭਦੀ ਇਸ ਸਕੀਮ ਵਿਚ ਹਰ ਟਰੇਡ ਲਈ ਪਾਸ ਸਿਖਿਆਰਥੀਆ ਨੂੰ ਐਨ.ਸੀ.ਵੀ.ਟੀ. ਦਾ ਸਰਟੀਫਿਕੇਟ ਦਿੱਤਾ ਜਾਣਾ ਹੈ। ਇਹ ਸਰਟੀਫਿਕੇਟ ਕਰਾਫਟਸਮੈਨ ਟਰੇਨਿੰਗ ਸਕੀਮ ਦੀ ਤਰਾਂ ਹੀ ਐਨ.ਸੀ.ਵੀ.ਟੀ. ਦਾ ਸਰਟੀਫਿਕੇਟ ਹੋਵੇਗਾ।ਇਹ ਐਨ.ਸੀ.ਵੀ.ਟੀ./ਡੀ.ਜੀ.ਈ ਐਂਡ ਟੀ ਭਾਰਤ ਸਰਕਾਰ ਵੱਲੋ ਜਾਰੀ ਕੀਤਾ ਜਾਵੇਗਾ ਸਰਟੀਫਿਕੇਟ ਦਾ ਨਮੂਨਾ ਵੈਬ-ਸਾਇਟ ਤੇ ਉਪਲਬੰਧ ਹੈ।

9. ਸਕੀਮ ਦਾ ਪ੍ਰਚਾਰ: ਇਸ ਸਕੀਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੰਸਥਾ ਆਪਣੇ ਪੱਧਰ ਤੇ ਵੀ ਪ੍ਰਚਾਰ ਕਰਨਗੀਆ। ਪਹਿਲਾ ਦਾਖਲਾ ਨੋਟਿਸ ਫਰਬਰੀ ਮਹੀਨੇ ਵਿਚ ਅਖਬਾਰਾ ਵਿਚ ਆਉਣ ਤੋ ਬਾਦ ਅਗਲੇ ਬੈਚਾ ਲਈ ਦਾਖਲਾ ਨੋਟਿਸ/ਵਿਗਿਆਪਣ ਸੰਸਥਾ ਪੱਧਰ ਤੇ ਜਾਰੀ ਕੀਤੇ ਜਾਣਗੇ ।

10. ਫੰਡਜ਼ ਦੀ ਵੰਡ: ਸਕੀਮ ਅਧੀਨ ਸਿਖਿਆਰਥੀਆ ਨੂੰ ਟਰੇਨਿੰਗ ਦੇਣ ਲਈ ਉਪਲਭਦ ਫੰਡਾ ਦੀ ਹੇਠ ਲਿਖੇ ਅਨੁਸਾਰ ਵੰਡ ਕੀਤੀ ਜ਼ਾਦੀ ਹੈ:-

| | | |
|---|---|---|
| ੳ) | ਰਾਅ ਮਟੀਰੀਅਲ | 30% |
| ਅ) | ਟਰੇਨਰ /ਗੈਸਟ ਫੈਕਲਟੀ ਚਾਰਜ਼ਿਸ,<br>(ਪਾਰਟ ਟਾਇਮ ਇੰਸਟਕਟਰ 100 ਰੁ: ਪ੍ਰਤੀ ਘੰਟਾ ਵੱਧ ਤੋ ਵੱਧ<br>7500/- ਰੁ: ਪ੍ਰਤੀ ਮਹੀਨਾ ਗੈਸਟ ਫਕੇਲਟੀ 150/- ਰੁ: ਪ੍ਰਤੀ ਘੰਟਾ | 30% |
| ੲ) | ਦਫਤਰੀ ਖਰਚੇ,ਸਟੇਸਨਰੀ, ਟੈਲੀਫੋਨ,<br>ਬਿਜਲੀ ,ਪਾਣੀ ,ਲਾਇਬਰੇਰੀ, ਐਡਵਰਟਾਇਜਮੈਂਟ ਅਤੇ ਹੋਰ ਫੁਟਕਲ ਖਰਚੇ। | 10% |
| ਸ) | ਸਟਾਫ ਦੀ ਮਾਨਭੇਟਾ | 20% |
| ਹ) | ਮੇਨਟੇਨੈਸ ਆਫ ਟੂਲ ਇਕਿਊਪਮੈਟ ਅਤੇ ਬਿਲਡਿੰਗ | 10% |

ਉਪਲੰਬਧ ਫੰਡਾ ਵਿੱਚੋ ਉਪਰੋਕਤ ਦਰਸਾਈ ਤਰਜੀਹ ਅਨੁਸਾਰ ਹੀ ਖਰਚੇ ਕੀਤੇ ਜਾਣ

ਸਟਾਫ ਲਈ ਮਾਨਭੇਟਾ ਦੀ ਵੰਡ ਹੇਠ ਲਿਖੇ ਅਨੁਸਾਰ ਕੀਤੀ ਜਾਵੇ:-

| | | |
|---|---|---|
| ੳ) | ਪ੍ਰਿੰਸੀਪਲ | 15% |
| ਅ) | ਕੁਆਡੀਨੈਟਰ | 10% |
| ੲ) | ਪਲੇਸਮੈਟ ਇੰਚਾਰਜ ਐਸਡੀਆਈ | 10% |
| ਸ) | ਦਫਤਰੀ ਅਮਲਾ (ਸੁਪਰਡੰਟ,ਕਲਰਕ,ਕੈਸੀਅਰ) | 15% |
| ਹ) | ਸਟੋਰ ਕੀਪਰ | 10% |
| ਕ) | ਵਰਕਸਾਪ ਅਟੈਡੈਟ/ਸਵੀਪਰ | 10% |
| ਗ) | ਸਬੰਧਤ ਸਾਪ ਦਾ ਇੰਸਟਰਕਟਰ<br>(ਜੇਕਰ ਬਾਹਰੀ ਫੈਕਲਟੀ ਵਰਤੀ ਜਾ ਰਹੀ ਹੈ) | 10% |
| ਘ) | ਮੁੱਖ ਦਫਤਰ | 20% |

ਰਾਅ ਮਟੀਰੀਅਲ ਖਰੀਦ ਦਾ ਕੰਮ ਵਿਭਾਗ ਦੀਆ ਮੌਜੂਦਾ ਹਿਦਾਇਤਾ ਅਨੁਸਾਰ ਹੀ ਕੀਤਾ ਜਾਵੇ।

11. ਤਾਲਮੇਲ ਅਤੇ ਫੀਡ ਬੈਕ:- ਸਾਰੀਆ ਨੋਡਲ ਉਦਯੋਗਿਕ ਸਿਖਲਾਈ ਸੰਸਥਾਵਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸੰਸਥਾ ਵਿਚ ਬਰੋਡਬੇਸਡ ਇੰਟਰਨੈਟ ਕੁਨੈਕਸਨ ਤੁਰੰਤ ਉਪਲਬੰਧ ਕਰਵਾਉਣ। ਨੋਡਲ ਉਦਯੋਗਿਕ ਸਿਖਲਾਈ ਸੰਸਥਾਵਾ ਆਪਣਾ ਅਤੇ ਆਪਣੇ ਅਧੀਨ ਪੈਦੇ ਸਾਰੇ ਵੀ.ਟੀ.ਪੀਜ ਦਾ ਡੈਟਾ ਵੈਬ ਬੇਸਡ ਸਾਫਟਵੇਅਰ ਤੇ ਅਪਲੋਡ ਕਰੇਗੀ ਅਤੇ ਇਹਨਾਂ ਵੀ.ਟੀ.ਪੀਜ ਨੂੰ ਦਾਖਲਾ ਕਰਨ ਅਤੇ ਟਰੇਨਿੰਗ ਕਰਵਾਉਣ ਵਿਚ ਪੂਰਨ ਸਹਿਯੋਗ ਦੇਵੇਗੀ।

ਸਾਰੇ ਵੀ.ਟੀ.ਪੀਜ ਚਾਲੂ ਕੀਤੇ ਜਾਣ ਵਾਲੇ ਕੋਰਸਾ ਬਾਰੇ ਆਪੋ ਆਪਣੇ ਇਲਾਕੇ ਵਿਚ ਪੂਰਾ ਪ੍ਰਚਾਰ ਕਰਨਗੇ ਇਸ ਲਈ ਲੋਕਲ ਅਖਬਾਰ, ਅਤੇ ਲੋਕਲ ਕੇਬਲ ਟੀ.ਵੀ. ਤੇ ਇਸਤਿਹਾਰ ਦਿੱਤੇ ਜਾਣ । ਇਸ ਲਈ ਲੋਕਲ ਇੰਡਸਟਰੀ ਐਸੋਸੀਏਸਨ ਆਦਿ ਦੀ ਸਹਾਇਤਾ ਲਈ ਜਾਵੈ, ਅਤੇ ਸਕੂਲਾ ਕਾਲਜਾ ਆਦਿ ਵਿਚ ਸੈਮੀਨਾਰ ਕੀਤੇ ਜਾਣ।

ਸਾਰੇ ਵੀ.ਟੀ.ਪੀਜ ਆਪੋ ਆਪਣੇ ਇਲਾਕੇ ਦੀ ਲੇਬਰ ਮਾਰਕੀਟ ਦਾ ਸਰਵੇ ਕਰਕੇ ਅਤੇ ਉਹਨਾ ਦੀ ਮੰਗ ਅਨੁਸਾਰ, ਸਕੀਮ ਅਧੀਨ, ਨਵੇ ਕੋਰਸ ਚਾਲੂ ਕਰਨ ਲਈ ਮੁੱਖ ਦਫਤਰ ਨੂੰ ਰਿਪੋਰਟ ਦੇਣਗੇ। ਇਸ ਕੰਮ ਲਈ ਇੰਡਸਟਰੀ ਐਸੋਸੀਏਸ਼ਨਾ ਅਤੇ ਆਈ.ਐਮ.ਸੀ. ਦੀ ਸਹਾਇਤਾ ਲਈ ਜਾਵੈ।

ਟਰੇਨਿੰਗ ਪ੍ਰਾਪਤ ਕਰਨ ਉਪਰੰਤ ਸਿਖਿਆਰਥੀਆ ਦੀ ਸਕਿੱਲ ਨੂੰ ਟੈਸਟ ਕਰਨ ਲਈ ਅਸੈਸਿੰਗ ਬਾਡੀਜ ਨੂੰ ਪੂਰਾ ਸਹਿਯੋਗ ਦਿੱਤਾ ਜਾਵੇ। ਇਸ ਸਕੀਮ ਸਬੰਧੀ ਹੋਰ ਜਾਣਕਾਰੀ www.dget.nic.in/mes ਤੋ ਪ੍ਰਾਪਤ ਕੀਤੀ ਜਾ ਸਕਦੀ ਹੈ।ਇਹ ਪ੍ਰਮੁੱਖ ਸਕੱਤਰ, ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਕਮ ਚੇਅਰਪਰਸਨ ਸਟੇਟ ਕਮੇਟੀ ਐਸ.ਡੀ.ਆਈ. ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾ ਰਿਹਾ ਹੈ।

ਸਹੀ/-
ਸੰਯੁਕਤ ਡਾਇਰੈਕਟਰ (ਉ:ਸਿ)
ਵਾ: ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ.

ਡਾਇਰੈਕਟੋਰੇਟ ਤਕਨੀਕੀ ਸਿਖਿਆ ਅਤੇ

ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ (ਉਦਯੋਗਿਕ ਸਿਖਲਾਈ ਵਿੰਗ)

ਤਕਨੀਕੀ ਸਿਖਿਆ ਭਵਨ, ਸੈਕਟਰ 36-ਏ ਚੰਡੀਗੜ੍ਹ

(ਐਸ.ਡੀ.ਆਈ. ਸਕੀਮ ਅਧੀਨ ਦਾਖਲਾ ਨੋਟਿਸ)

ਪੰਜਾਬ ਰਾਜ ਦੀਆ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾ ਵਿਚ ਭਾਰਤ ਸਰਕਾਰ ਵਲੋ ਲਾਗੂ ਕੀਤੀ ਗਈ ਸਕਿੱਲ ਡਿਵੈਲਪਮੈਟ ਇੰਨੀਸੀਏਟੀਵ ਸਕੀਮ ਅਧੀਨ ਵੱਖ ਵੱਖ ਕੋਰਸਾ ਵਿਚ ਹੇਠ ਅਨੁਸਾਰ ਦਾਖਲਾ ਕੀਤਾ ਜਾ ਰਿਹਾ ਹੈ:

| | |
|---|---|
| ਦਾਖਲਾ ਫਾਰਮ ਪ੍ਰਾਪਤ ਕਰਨ ਅਤੇ ਦਾਖਲਾ ਫਾਰਮ ਜਮਾਂ ਕਰਵਾਉਣ ਦੀ ਮਿਤੀ: | 24-2-2009 ਤੋ 2-3-2009 ਤੱਕ |
| ਜਨਰਲ ਕੈਟਾਗਰੀ ਦੇ ਦਾਖਲੇ ਦੀ ਮਿਤੀ: | 5-3-2009 |
| ਰਿਜਰਵ ਕੈਟਾਗਰੀ ਦੇ ਦਾਖਲੇ ਦੀ ਮਿਤੀ: | 6-3-2009 (ਪਹਿਲ ਦੁਪਹਿਰ) |
| ਖਾਲੀ (ਜੇਕਰ ਕੋਈ ਹੈ) ਰਹਿ ਗਈਆ ਸੀਟਾ ਵਿਚ ਦਾਖਲਾ ਜਨਰਲ ਕੈਟਾਗਰੀ ਵਿਚੋ ਕਰਨ ਦੀ ਮਿਤੀ: | 6-3-2009 (ਬਾਅਦ ਦੁਪਹਿਰ) |
| ਕਲਾਸਾ ਸੁਰੂ ਕਰਨ ਦੀ ਮਿਤੀ: | 9-3-2009 |

ਪੰਜਾਬ ਰਾਜ ਵਿਚ ਇਹ ਕੋਰਸ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਅਧੀਨ ਪਹਿਲੇ ਪੜਾਅ ਵਿਚ ਹੇਠ ਲਿਖੀਆ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾ ਵਿਚ ਸੁਰੂ ਕੀਤੇ ਜਾ ਰਹੇ ਹਨ ।

ਅੰਮ੍ਰਿਤਸਰ(ਇ:), ਬਰਨਾਲਾ, ਬੱਸੀ ਪਠਾਣਾ, ਬਠਿੰਡਾ, ਬੁਢਲਾਡਾ, ਫਰੀਦਕੋਟ, ਫਿਰੋਜਪੁਰ, ਗੁਰਦਾਸਪੁਰ, ਹੁਸਿਆਰਪੁਰ, ਜਲੰਧਰ(ਇ:), ਖਿਉਵਾਲੀ(ਇ:), ਲੁਧਿਆਣਾ, ਮੋਗਾ, ਮੁਹਾਲੀ(ਇ:), ਨਵਾ ਸਹਿਰ, ਪਟਿਆਲਾ, ਪੱਟੀ, ਫਗਵਾੜਾ, ਰੋਪੜ, ਸੁਨਾਮ, ਸਮਰਾਲਾ, ਨੰਗਲ, ਆਨੰਦਪੁਰ ਸਾਹਿਬ, ਮੋਰਿੰਡਾ(ਇ:), ਤਲਵਾੜਾ,ਹੁਸਿਆਰਪੁਰ(ਇ:), ਲਾਲੜੂ,ਖਰੜ(ਇ:),ਨਾਭਾ, ਰਾਜਪੁਰਾ, ਪਟਿਆਲਾ(ਇ:), ਰਾਜਪੁਰਾ(ਇ:),ਪਠਾਨਕੋਟ,ਪਠਾਨਕੋਟ(ਇ:),ਗੁਰਦਾਸਪੁਰ(ਇ:), ਡੇਰਾ ਬਾਬਾ ਨਾਨਕ(ਇ:), ਫਗਵਾੜਾ(ਇ:), ਸੂੰਢ, ਬਾਬਾ ਬਕਾਲਾ, ਅਜਨਾਲਾ, ਆਈ.ਟੀ.ਸੀ. ਫਰੀਦਕੋਟ (ਅ:ਜ), ਜੈਤੋ, ਕੋਟਕਪੁਰਾ, ਕਪੂਰਥਲਾ, ਧਰਮਕੋਟ(ਇ:), ਚੂਹੜਚੱਕ(ਇ:), ਫਤਿਹਗੜ੍ਹ ਚੂੜੀਆ (ਅ:ਜ), ਨਾਭਾ(ਇ:), ਰਾਣੀਕੇ, ਗੜਸੰਕਰ(ਅ:ਜ), ਸਰਹੰਦ(ਇ:) ਐਟ ਬੱਸੀ ਪਠਾਣਾ, ਲੁਧਿਆਣਾ(ਇ:)

ਦਾਖਲੇ ਲਈ ਅਤੇ ਸਕਿੱਲ ਡਿਵੈਲਪਮੈਟ ਇੰਨੀਸੀਏਟੀਵ ਸਕੀਮ ਸਬੰਧੀ ਕਿਸੇ ਵੀ ਤਰਾਂ ਦੀ ਜਾਣਕਾਰੀ ਲਈ ਸਬੰਧਤ ਸੰਸਥਾਵਾ ਵਿਖੇ ਸਪੰਰਕ ਕੀਤਾ ਜਾ ਸਕਦਾ ਹੈ ਅਤੇ ਇਹਨਾਂ ਸੰਸਥਾਵਾ ਦੇ ਕੋਰਸਾ ਦਾ ਵੇਰਵਾ,ਕੋਰਸ ਦਾ ਸਮਾ ਅਤੇ ਦਾਖਲਾ ਫਾਰਮ ਦਾ ਫਾਰਮੈਟ ਵਿਭਾਗ ਦੀ ਵੈਬਸਾਇਟ www.dtepunjab.gov.in ਤੇ ਵੇਖਿਆ ਜਾ ਸਕਦਾ ਹੈ। ਦਾਖਲਾ ਫਾਰਮ ਇਹਨਾਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾ ਵਿਚੋ ਪ੍ਰਾਪਤ ਕੀਤੇ ਜਾ ਸਕਦੇ ਹਨ। ਜਿਸ ਵਿਚ ਸਾਰੀਆ ਸਰਤਾਂ ਦਿੱਤੀਆ ਹੋਈਆ ਹਨ।

<u>ਜਰੂਰੀ ਨੋਟ</u>

1. ਸੀਟਾ ਦੀ ਗਿਣਤੀ: ਹਰ ਇਕ ਬੈਚ ਵਿਚ ਵੱਧ ਤੋ ਵੱਧ 30 ਸਿਖਿਆਰਥੀ ਹੋਣਗੇ ਅਤੇ ਇਹਨਾਂ ਸੰਸਥਾਂਵਾਂ ਦੇ ਮੁੱਖੀ ਸਾਰੇ ਉਮੀਦਵਾਰਾਂ ਨੂੰ ਉਪਲੱਬਧ ਸਹੂਲਤਾ ਦੇ ਮੱਦੇ ਨਜਰ ਕੋਰਸ ਅਨੁਸਾਰ ਵੱਖ ਵੱਖ ਬੈਚਾਂ ਵਿਚ ਸਿਖਲਾਈ ਦੇਣ ਦਾ ਪ੍ਰਬੰਧ ਕਰਨਗੇ।

2. ਸਾਰੇ ਉਮੀਦਵਾਰਾ ਦਾਖਲੇ ਵਾਲੇ ਦਿਨ ਆਪਣੀਆ ਯੋਗਤਾਵਾਂ ਦੇ ਅਸਲ ਸਰਟੀਫਿਕੇਟ ਨਾਲ ਲਿਆਉਣਗੇ।

3. ਸਾਰੇ ਉਮੀਦਵਾਰ ਇੰਟਰਵਿਊ ਵਾਲੇ ਦਿਨ ਸਵੇਰੇ 9.00 ਵਜੇ ਸਿਲੈਕਸਨ ਕਮੇਟੀ ਸਾਹਮਣੇ ਪੇਸ ਹੋਣਗੇ। ਜਿਹੜਾ ਉਮੀਦਵਾਰ ਦਾਖਲਾ ਚੋਣ ਕਮੇਟੀ ਸਾਹਮਣੇ ਪੇਸ ਨਹੀ ਹੋਵੇਗਾ, ਉਸਨੂੰ ਦਾਖਲਾ ਨਹੀ ਦਿਤਾ ਜਾਵੇਗਾ।

4. ਜੇਕਰ ਕੋਈ ਉਮੀਦਵਾਰ ਦਾਖਲਾ ਫਾਰਮ ਦੇਣ ਸਮੇ ਆਪਣੀ ਕੈਟਾਗਰੀ ਦਾ ਸਬੂਤ ਨੱਥੀ ਨਹੀ ਕਰੇਗਾ ਤਾਂ ਉਸ ਦਾ ਨਾਮ ਜਨਰਲ ਕੈਟਾਗਰੀ ਵਿਚ ਵਿਚਾਰਿਆ ਜਾਵੇਗਾ ਅਤੇ ਬਾਅਦ ਵਿਚ ਕੋਈ ਅਦਲਾ ਬਦਲੀ ਨਹੀ ਹੋਵੇਗੀ।

5. ਕਿਸੇ ਵੀ ਤਰਾਂ ਦੀ ਜਾਣਕਾਰੀ ਲਈ ਸਬੰਧਤ ਸੰਸਥਾਵਾ ਵਿਖੇ ਸਪੰਰਕ ਕੀਤਾ ਜਾ ਸਕਦਾ ਹੈ ਅਤੇ ਵੱਖ ਵੱਖ ਕੋਰਸਾ ਦੇ ਦਾਖਲੇ ਲਈ ਵਿਦਿਅਕ ਯੋਗਤਾਵਾ, ਕੋਰਸਾ ਦਾ ਵੇਰਵਾ,ਕੋਰਸ ਦਾ ਸਮਾ ਅਤੇ ਦਾਖਲਾ ਫਾਰਮ ਦਾ ਫਾਰਮੈਟ ਵਿਭਾਗ ਦੀ ਵੈਬਸਾਇਟ www.dtepunjab.gov.in ਅਤੇ ਸਕਿੱਲ ਡਿਵੈਲਪਮੈਟ ਇੰਨੀਸੀਏਟੀਵ ਸਕੀਮ ਸਬੰਧੀ ਡੀ.ਜੀ.ਈ ਐਡ ਟੀ. ਦੀ ਵੈਬ ਸਾਇਟ www.dget.gov.in/mes ਤੇ ਵੇਖਿਆ ਜਾ ਸਕਦਾ ਹੈ।।

6. ਇਟਰਵਿਊ ਦਾ ਸਥਾਨ ਸਬੰਧਤ ਸਰਕਾਰੀ ਸੰਸਥਾ ਵਿਚ ਹੋਵੇਗਾ।

7. ਪੰਜਾਬ ਸਰਕਾਰ ਦੇ ਨੋਟੀਫਿਕੇਸਨ ਨੰਬਰ 2/12/2005-2 ਟੀਈ(1) 980 ਮਿਤੀ 23-6-05 ਅਨੁਸਾਰ ਦੂਜੇ ਰਾਜਾ ਦੇ ਵਸਨੀਕ ਉਮੀਦਵਾਰਾ ਲਈ 15% ਸੀਟਾ ਨਿਰੋਲ ਮੈਰਿਟ ਤੇ ਜਨਰਲ ਕੈਟਾਗਰੀ ਵਿਚੋ ਉਪਲੱਬਧ ਹੋਣਗੀਆ। ਕਿਸੇ ਵੀ ਹਾਲਤ ਵਿਚ ਇਹ ਸੀਟਾ, ਨਿਰਧਾਰਤ ਸੀਟਾ ਤੋ ਵੱਧ ਨਹੀ ਭਰੀਆ ਜਾਣਗੀਆ।

8. ਉਮੀਦਵਾਰ ਸਬੰਧਤ ਸੰਸਥਾ ਵਿਚ ਦਾਖਲੇ ਲਈ ਉਪਲੱਬਧ ਸੀਟਾ ਸਬੰਧੀ ਜਾਣਕਾਰੀ ਸਬੰਧਤ ਸੰਸਥਾ ਦੇ ਮੁੱਖੀ ਤੋ ਲੈ ਸਕਦੇ ਹਨ। ਵਿਭਾਗ ਕਿਸੇ ਵੀ ਸਮੇ, ਕਿਸੇ ਵੀ ਸੰਸਥਾ ਵਿਖੇ, ਕਿਸੇ ਵੀ ਟਰੇਡ ਦਾ ਦਾਖਲਾ ਰੋਕ ਸਕਦਾ ਹੈ।

9. ਜਿਹੜਾ ਉਮੀਦਵਾਰ ਰਿਜਰਵ ਕੈਟਾਗਰੀ (ਐਸ.ਸੀ./ਬੀ.ਸੀ) ਨਾਲ ਸਬੰਧਤ ਹੈ ਉਹ ਜਨਰਲ ਕੈਟਾਗਰੀ ਦੀ ਇਟਰਵਿਊ ਦੀ ਮਿਤੀ ਵਾਲੇ ਦਿਨ ਵੀ ਦਾਖਲਾ ਲੈ ਸਕਦਾ ਹੈ। ਜੇਕਰ ਉਸ ਦਿਨ ਜਨਰਲ ਕੈਟਾਗਰੀ ਅਧੀਨ ਦਾਖਲਾ ਨਹੀ ਮਿਲਦਾ ਤਾਂ ਉਹ ਰਿਜਰਵ ਕੈਟਾਗਰੀ ਦੇ ਉਮੀਦਵਾਰ ਵਜੋ ਇਟਰਵਿਊ ਦੇ ਸਕਦਾ ਹੈ। ਸਾਰੀਆ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾ ਦੇ ਮੁਖੀ ਇਸ ਅਨੁਸਾਰ ਜਨਰਲ ਕੈਟਾਗਰੀ ਲਈ ਮੈਰਿਟ ਲਿਸਟ ਤਿਆਰ ਕਰਨਗੇ। ਜਿਸ ਵਿਚ ਰਿਜਰਵ ਕੈਟਾਗਰੀ (ਐਸ.ਸੀ/ਬੀ.ਸੀ) ਨਾਲ ਸਬੰਧਤ ਉਮੀਦਵਾਰ ਵੀ ਹੋਣਗੇ।

10. ਉਮੀਦਵਾਰਾ ਵੱਲੋ ਇਟਰਵਿਊ ਲਈ ਨਿਸਚਿਤ ਮਿਤੀ ਨੂੰ ਅਪੀਅਰ ਨਾ ਹੋਣ ਤੇ ਉਹਨਾਂ ਦਾ ਦਾਖਲੇ ਲਈ ਕੋਈ ਕਲੇਮ ਨਹੀ ਹੋਵੇਗਾ। ਇਸ ਸਬੰਧੀ ਕਿਸੇ ਵੀ ਪੱਤਰ ਵਿਹਾਰ ਤੇ ਵਿਚਾਰ ਨਹੀ ਕੀਤਾ ਜਾਵੇਗਾ।

11. ਦਾਖਲੇ ਵਿਚ ਰਿਜਰਵੇਸਨ ਪੰਜਾਬ ਸਰਕਾਰ ਵੱਲੋ ਨਿਰਧਾਰਤ ਰਿਜਰਵੇਸਨ ਪਾਲਸੀ ਅਨੁਸਾਰ ਹੋਵੇਗੀ।

12. ਰਿਜਰਵ ਕੈਟਾਗਰੀ ਨਾਲ ਸਬੰਧਤ ਉਮੀਦਵਾਰ ਆਪਣੀ ਸੀਟ ਦੇ ਕਲੇਮ ਸਬੰਧੀ ਸਮਰੱਥ ਅਧਿਕਾਰੀ ਤੋ ਜਾਰੀ ਕੀਤਾ ਅਸਲ ਸਰਟੀਫਿਕੇਟ ਲੈ ਕੇ ਆਉਣਗੇ। ਅਜਿਹਾ ਸਬੂਤ ਪੇਸ ਨਾ ਕਰਨ ਦੀ ਸੂਰਤ ਵਿਚ ਉਸ ਨੂੰ ਰਿਜਰਵ ਕੈਟਾਗਰੀ ਵਿਚ ਵਿਚਾਰਿਆ ਨਹੀ ਜਾਵੇਗਾ।

13. ਸਮੇ ਸਮੇ ਤੇ ਬਚਦੀਅ ਸੀਟਾ ਅਤੇ ਸਿਖਿਆਰਥੀਆ ਦੀ ਲੋੜ ਅਨੁਸਾਰ ਨਵੇ ਬੈਂਚ ਚਲਾਉਣ ਲਈ ਸੰਸਥਾਵਾ ਵੱਲੋ ਆਪਣੇ ਪੱਧਰ ਤੇ ਇਸਤਿਹਾਰ/ਮਸਹੂਰੀ ਕੀਤੀ ਜਾਵੇਗੀ।

ਟਰੇਨਿੰਗ ਚਾਰਜਿਜ:

ਇਹਨਾਂ ਕੋਰਸਾ ਲਈ ਭਾਰਤ ਸਰਕਾਰ ਵਲੋ ਹੇਠ ਲਿਖੇ ਟਰੇਨਿੰਗ ਚਾਰਜਿਜ ਨਿਰਧਾਰਤ ਕੀਤੇ ਹਨ।

| | |
|---|---|
| 90 ਘੰਟੇ ਦੇ ਕੋਰਸ ਲਈ | 500/- ਰੁ: |
| 91-180 ਘੰਟੇ ਦੇ ਕੋਰਸ ਲਈ | 1000/-ਰੁ: |
| 181-220 ਘੰਟੇ ਦੇ ਕੋਰਸ ਲਈ | 1500/-ਰੁ: |
| 271 ਘੰਟੇ ਤੋ ਉਪਰ ਕੇ ਕੋਰਸ ਲਈ | 2000/-ਰੁ: |

ਜਿਹੜੇ ਸਿਖਿਆਰਥੀ ਇਹ ਟਰੇਨਿੰਗ ਪੂਰੀ ਕਰਕੇ ਪਾਸ ਹੋਣਗੇ, ਉਹਨਾਂ ਨੂੰ ਸੰਸਥਾਂਵਾਂ ਵੱਲੋ ਟਰੇਨਿੰਗ ਚਾਰਜਿਜ ਵਾਪਿਸ ਕਰ ਦਿਤੇ ਜਾਣਗੇ। ਐਸ.ਸੀ./ਐਸ.ਟੀ. ਕੈਟਾਗਰੀ ਦੇ ਉਮੀਦਵਾਰਾ ਅਤੇ ਇਸਤਰੀ ਉਮੀਦਵਾਰਾ ਨੂੰ 25% ਫੀਸ ਦੀ ਛੋਟ ਦਿੱਤੀ ਜੋਵਗੀ।

ਉਮਰ:- ਉਮੀਦਵਾਰ ਦੀ ਉਮਰ 14 ਸਾਲ ਤੋ ਵੱਧ ਹੋਣੀ ਜਰੂਰੀ ਹੈ।

ਸਰਟੀਫਿਕੇਟ: ਪਾਸ ਆਊਟ ਸਿਖਿਆਰਥੀਆ ਨੂੰ ਐਨ.ਸੀ.ਵੀ.ਟੀ. ਦਾ ਸਰਟੀਫਿਕੇਟ ਦਿੱਤਾ ਜਾਵੇਗਾ ।

ਵਿਸੇਸਤਾਵਾਂ: ਇਸ ਸਕੀਮ ਦਾ ਮੁੱਖ ਮੰਤਵ ਸਕੂਲ ਡਰਾਪ ਆਊਟਸ, ਮੌਜੂਦਾ ਵਰਕਰਾ ਅਤੇ ਐਨ.ਟੀ.ਸੀ. ਹੋਲਡਰਾ ਦੀ ਇੰਪਲਾਈਬਿਲਟੀ ਵਧਾਉਣ ਲਈ ਉਹਨਾਂ ਦੇ ਹੁਨਰ ਦਾ ਪੱਧਰ ਉੱਚਾ ਚੁੱਕਣਾ ਤੇ ਹੁਨਰ ਨੂੰ ਸਰਟੀਫਾਈ ਕਰਨਾ ਹੈ। ਇਸ ਸਕੀਮ ਅਧੀਨ ਨੋਜਵਾਨਾ ਨੂੰ ਉਦਯੋਗਿਕ ਸਿਖਲਾਈ ਸੰਸਥਾਵਾ ਵਿਚ ਉਦਯੋਗਾ ਦੀ ਮੰਗ ਅਨੁਸਾਰ ਟਰੇਨਿੰਗ ਦਿੱਤੀ ਜਾਵੇਗੀ।ਇਸ ਟਰੇਨਿੰਗ ਦਾ ਸਮਾ ਟਰੇਨਿੰਗ ਲਈ ਚਾਹਵਾਨ ਉਮੀਦਵਾਰਾ ਦੀ ਸਹੂਲਤ ਅਨੁਸਾਰ ਸਬੰਧਤ ਸੰਸਥਾਵਾ ਵੱਲੋ ਨਿਰਧਾਰਤ ਕੀਤਾ ਜਾਵੇਗਾ।

ਮਿਤੀ: 13-2-09

ਚੰਡੀਗੜ੍ਹ

ਸਹੀ/-
ਜੀ.ਰਮੇਸ ਕੁਮਾਰ, ਆਈ.ਏ.ਐਸ
ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ